## ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ), ਪੰਜਾਬ, ਸਾਹਿਬਜਾਦਾ ਅਜੀਤ ਸਿੰਘ ਨਗਰ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ- ਬਲਾਕ, ਸੱਤਵੀ ਮੰਜ਼ਿਲ, ਫੇਜ਼-8, ਐਸ. ਏ. ਐਸ. ਨਗਰ-160062

ਵੱਲ,

ਪੰਜਾਬ ਰਾਜ ਦੇ ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ।

ਮੀਮੋ ਨੰ: **DPIHE-SRVC0MISc/54/2021-SERVICES-DPI-HIGHER EDUCATION**/3640-3701
ਮਿਤੀ, ਸ. ਅ ਸ. ਨਗਰ: 10.11.2021

ਵਿਸ਼ਾ: ਕਾਲਜਾਂ ਵਿੱਚ ਤੈਨਾਤ ਟੀਚਿੰਗ ਅਤੇ ਨਾਨ ਟੀਚਿੰਗ ਕਾਡਰ ਵਿਰੁੱਧ ਅਨੁਸ਼ਾਸਨੀ ਕਾਰਵਾਈ ਦੇ ਅਧਿਕਾਰ ਦੇਣ ਬਾਰੇ।

ਵਿਸ਼ਾ ਅੰਕਿਤ ਕੇਸ ਸਬੰਧੀ ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਕੰਮ ਕਰਦੇ ਟੀਚਿੰਗ ਅਤੇ ਨਾਨ ਟੀਚਿੰਗ ਕਾਡਰ ਦੇ ਅਧਿਕਾਰੀਆਂ ਕਰਮਚਾਰੀਆਂ (ਗਰੁੱਪ ਏ, ਬੀ ਅਤੇ ਸੀ) ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮ 1970 ਅਧੀਨ ਨਿਯਮ 5 ਅਨੁਸਾਰ (ਛੋਟੀਆਂ ਸਜਾਵਾਂ) ਅਤੇ ਨਿਯਮ 8 ਅਨੁਸਾਰ (ਵੱਡੀਆ ਸਜਾਵਾਂ) ਲਈ ਅਨੁਸ਼ਾਸਨੀ ਕਾਰਵਾਈ ਕਰਨ ਦੇ ਅਧਿਕਾਰ ਜੋ ਕਿ ਸਰਕਾਰ ਪੱਧਰ ਤੇ ਅਤੇ ਡਾਇਰੈਕਟੋਰੇਟ ਪੱਧਰ ਤੇ ਹਨ। ਹੁਣ ਇਹਨਾਂ ਅਧਿਕਾਰਾਂ ਨੂੰ ਪ੍ਰਿੰਸੀਪਲ ਦੇ ਪੱਧਰ ਤੇ ਦਿੰਦੇ ਹੋਏ ਲਿੱਖਿਆ ਜਾਂਦਾ ਹੈ ਕਿ ਅਧਿਕਾਰੀਆਂ / ਕਰਮਚਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਸਮੇਂ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਸ ਦੇ ਨਾਲ ਇਹ ਵੀ ਲਿੱਖਿਆ ਜਾਂਦਾ ਹੈ ਕਿ ਵੱਡੀਆਂ ਸਜਾਵਾਂ ਵਿੱਚ ਸਜਾ ਨੰ: (vii) ਤੋਂ (ix) ਦੇ ਅਧਿਕਾਰ ਸਿਰਫ ਸਰਕਾਰ ਪਾਸ ਹੀ ਰਹਿਣਗੇ।

ਉਕਤ ਦੇ ਨਾਲ ਇਹ ਵੀ ਲਿੱਖਿਆ ਜਾਂਦਾ ਹੈ ਕਿ ਜੇਕਰ ਕਿਸੇ ਅਧਿਕਾਰੀ / ਕਰਮਚਾਰੀ ਨੂੰ ਦੋਸ਼ੀ ਪਾਏ ਜਾਣ ਤੇ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮ 1970 ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਕੋਈ ਛੋਟੀ ਸਜਾ ਦਿੱਤੀ ਜਾਂਦੀ ਹੈ ਤਾ ਇਸ ਦੀ ਐਪੀਲੇਟ ਅਥਾਰਟੀ ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ ਹੋਣਗੇ ਅਤੇ ਜੇਕਰ ਕੋਈ ਵੱਡੀ ਸਜਾ ਦਿੱਤੀ ਜਾਂਦੀ ਹੈ ਤਾਂ ਉਸ ਸਬੰਧੀ ਐਪੀਲੈਟ ਅਥਾਰਟੀ ਸਕੱਤਰ, ਪੰਜਾਬ ਸਰਕਾਰ ਪਾਸ ਹੋਵੇਗੀ।

ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿੱਖਿਆ ਵਿਭਾਗ

ਪਿੱਠ ਅੰਕਣ ਨੰ: **DPIHE-SRVC0MISc/54/2021-SERVICES-DPI-HIGHER EDUCATION**/3702
ਮਿਤੀ, ਸ. ਅ. ਸ. ਨਗਰ: 10.11.2021

ਉਪਰੋਕਤ ਦਾ ਉਤਾਰਾ ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ), ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿੱਖਿਆ ਵਿਭਾਗ